# India delivers the 13th batch of medical assistance to Afghanistan

October 11, 2022

.........................................................................................................................................

ਭਾਰਤ ਨੇ ਅਫ਼ਗਾਨਿਸਤਾਨ  ਨੂੰ ਡਾਕਟਰੀ ਸਹਾਇਤਾ ਦੀ 13ਵੀਂ ਖੇਪ ਸੌਂਪੀ

11 ਅਕਤੂਬਰ, 2022

1.  ਅਫ਼ਗਾਨਿਸਤਾਨੀ ਲੋਕਾਂ ਨਾਲ ਸਾਡੇ ਵਿਸ਼ੇਸ਼ ਸਬੰਧ ਕਾਇਮ ਰੱਖਣ ਅਤੇ ਉਨ੍ਹਾਂ ਦੀ ਸਹਾਇਤਾ ਕਰਨ ਲਈ ਸੰਯੁਕਤ ਰਾਸ਼ਟਰ ਦੁਆਰਾ ਕੀਤੀਆਂ ਜਾ ਰਹੀਆਂ ਜ਼ਰੂਰੀ ਪਹਿਲਕਦਮੀਆਂ ਦੇ ਮੱਦੇਨਜ਼ਰ ਭਾਰਤ ਨੇ ਡਾਕਟਰੀ ਸਹਾਇਤਾ ਦੀ 13ਵੀਂ  ਖੇਪ ਦੀ ਸਪਲਾਈ ਕੀਤੀ ਹੈ ਜਿਸ ਵਿੱਚ ਜ਼ਰੂਰੀ ਦਵਾਈਆਂ ਅਤੇ ਮੈਡੀਕਲ/ਸਰਜੀਕਲ ਵਸਤੂਆਂ ਜਿਵੇਂ ਕਿ ਪੀਡੀਆਟ੍ਰਿਕ ਸਟੈਥੋਸਕੋਪ, ਸਫੀਗਮੋਮੈਨੋਮੀਟਰ ਮੋਬਾਈਲ ਟਾਈਪ, ਪੀਡੀਆਟ੍ਰਿਕ ਬੀਪੀ ਕਫ਼, ਇਨਫਿਊਜ਼ਨ ਪੰਪ, ਡ੍ਰਿਪ ਚੈਂਬਰ ਸੈੱਟ, ਇਲੈਕਟ੍ਰੋ ਕਾਊਟਰੀ, ਨਾਈਲੋਨ ਸੁਚਰ ਆਦਿ ਸ਼ਾਮਲ ਹਨ। ਇਹ ਖੇਪ ਕਾਬੁਲ ਦੇ ਇੰਦਰਾ ਗਾਂਧੀ ਚਿਲਡਰਨ ਹਸਪਤਾਲ ਦੇ ਅਧਿਕਾਰੀਆਂ ਨੂੰ ਸੌਂਪੀ ਗਈ।

2. ਭਾਰਤ ਨੇ ਹੁਣ ਤੱਕ ਲਗਭਗ 45 ਟਨ ਡਾਕਟਰੀ ਸਹਾਇਤਾ ਦੀ ਸਪਲਾਈ ਕੀਤੀ ਹੈ, ਜਿਸ ਵਿੱਚ ਜ਼ਰੂਰੀ ਜੀਵਨ ਬਚਾਉਣ ਵਾਲੀਆਂ ਦਵਾਈਆਂ, ਟੀਬੀ ਰੋਕੂ ਦਵਾਈਆਂ, COVID  ਵੈਕਸੀਨ ਦੀਆਂ 500,000 ਖੁਰਾਕਾਂ, ਮੈਡੀਕਲ/ਸਰਜੀਕਲ ਚੀਜ਼ਾਂ ਆਦਿ ਸ਼ਾਮਲ ਹਨ। ਇਸ ਤੋਂ ਛੁੱਟ ਭਾਰਤ ਨੇ ਅਫ਼ਗਾਨ ਲੋਕਾਂ ਲਈ 40,000 ਮੀਟਰਿਕ ਟਨ ਕਣਕ ਦੀ ਸਪਲਾਈ ਵੀ ਕੀਤੀ  ਹੈ।

ਨਵੀਂ ਦਿੱਲੀ
11 ਅਕਤੂਬਰ, 2022

DISCLAIMER: This is an approximate translation. The original is available in English on MEA's website and may be referred to as the official press release.